# ਘੱਟ ਰਹੀ ਪੰਜਾਬ ਵਿੱਚੋਂ ਸਿੱਖਾਂ ਦੀ ਗਿਣਤੀ ਚਿੰਤਾ ਦਾ ਵਿਸ਼ਾ

ਡਾ. ਫੁਲਵਿੰਦਰ ਪਾਲ ਸਿੰਘ, ਪ੍ਰੋਫੈਸਰ ਅੰਮ੍ਰਿਤਪਾਲ ਸਿੰਘ

ਪੰਜਾਬ ਵਿੱਚੋ ਸਿੱਖਾਂ ਦੀ ਗਿਣਤੀ ਦਾ ਘਟਣਾ ਇੱਕ ਬਹੁਤ ਹੀ ਗੰਭੀਰ ਵਿਸ਼ਾ ਬਣਦਾ ਜਾ ਰਹਿਆਂ ਹੈ। ਜਦੋਂ ਸਾਡੀ ਟੀਮ ਨੇ ਕੰਮ ਸ਼ੁਰੂ ਕੀਤਾ ਤਾਂ ਇਹ ਸਾਹਮਣੇ ਆਇਆ ਕਿ ਪੰਜਾਬ ਵਿੱਚੋਂ ਸਿੱਖਾਂ ਦੀ ਗਿਣਤੀ ਦੇ ਘਟਣ ਦੇ ਮੁੱਖ ਕਾਰਨ ਨੌਜਵਾਨ ਮੁੰਡੇ ਕੁੜੀਆਂ ਦਾ ਬਾਹਰਲੇ ਦੇਸ਼ਾ ਨੂੰ ਪ੍ਰਵਾਸ ਕਰਨਾ ਹੈ। ਹਰ ਸਾਲ ਲੱਖਾਂ ਦੀ ਸੰਖਿਆਂ ਵਿੱਚ ਨੌਜਵਾਨ ਮੁੰਡੇ ਕੁੜੀਆਂ ਪੜਾਈ ਕਰਨ ਦੇ ਤੌਰ ਤੇ ਅਤੇ ਹੋਰ ਕਿੱਤਿਆਂ ਅਧੀਨ ਕਨੇਡਾ, ਅਮਰੀਕਾਂ, ਅਸਟਰੇਲੀਆ, ਨਿਉਜੀਲੈਂਡ, ਯੂ. ਕੇ. ਆਦਿ ਦੇਸ਼ਾ ਵਿੱਚ ਪ੍ਰਵਾਸ ਕਰ ਰਹੇ ਹਨ। ਪਿਛਲੇ 10 ਸਾਲ ਤੋਂ ਇਹ ਗਿਣਤੀ ਬਹੁਤ ਵੱਧ ਚੁੱਕੀ ਹੈ, ਜੋ ਕਿ ਪੰਜਾਬ ਦੇ ਆਉਣ ਵਾਲੇ ਭਵਿੱਖ ਲਈ ਇੱਕ ਚਿੰਤਾ ਦਾ ਵਿਸ਼ਾ ਹੈ।

ਇਸ ਵਿਸ਼ੇ ਉੱਪਰ ਖੋਜ ਦਾ ਕੰਮ ਪੂਰਾ ਕਰਨ ਅਤੇ ਡਾਟਾ ਇਕੱਠਾ ਕਰਨ ਲਈ ਪੰਜਾਬ ਦੇ ਮਾਂਝਾ, ਮਾਲਵਾਂ ਅਤੇ ਦੁਆਬਾ ਦੇ 100 ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ 10000 ਪਰਿਵਾਰਾਂ ਦੀ ਡਾਟਾ ਸੈਂਪਲਿੰਗ ਤਿਆਰ ਕੀਤੀ। ਪਿੰਡਾ ਵਿੱਚ ਡਾਟਾ ਇਕੱਠਾ ਕਰਨ ਦੌਰਾਨ ਬਹੁਤ ਹੀ ਰੌਂਗਟੇ ਖੜੇ ਕਰਨ ਵਾਲੇ ਤੱਥ ਸਾਹਮਣੇ ਆਏ। ਬਹੁਤ ਸਾਰੇ ਘਰ ਨੌਜਵਾਨ ਮੁੰਡੇ-ਕੁੜੀਆਂ ਤੋਂ ਸੱਖਣੇ ਪਾਏ ਗਏ, ਸਿਰਫ ਬਜੁਰਗ ਮਾਂ ਬਾਪ ਹੀ ਘਰ ਵਿੱਚ ਸਨ ਅਤੇ ਦੁਆਬੇ ਦੇ ਪਿੰਡਾ ਵਿੱਚ ਤਾਂ ਬਹੁਤ ਸਾਰੇ ਘਰ ਖਾਲੀ ਸਨ। ਨੌਜਵਾਨ ਵਰਗ ਦਾ ਬਾਹਰਲੇ ਮੁਲਕਾਂ ਨੂੰ ਪ੍ਰਵਾਸ ਕਰ ਜਾਣਾ ਅਤੇ ਓਥੋਂ ਦੇ ਵਸਨੀਕ ਬਣ

ਜਾਣਾ ਅਤੇ ਆਪਣੇ ਬੱਚਿਆਂ ਨੂੰ ਵੀ ਬਾਹਰਲੇ ਮੁਲਕਾਂ ਦੇ ਵਸਨੀਕ ਬਣਾ ਦੇਣਾ, ਪੰਜਾਬ ਦੇ ਆਉਣ ਵਾਲੇ ਭਵਿੱਖ ਲਈ ਇੱਕ ਚਿੰਤਾ ਦਾ ਵਿਸ਼ਾ ਹੈ, ਗਿਣਤੀ ਵਿੱਚ ਭਾਰੀ ਗਿਰਾਵਟ ਆ ਜਾਵੇਗੀ ਅਤੇ ਸਿੱਖ ਬਹੁਗਿਣਤੀ ਤੋਂ ਘੱਟ ਗਿਣਤੀ ਵੱਲ ਵੱਧ ਜਾਣਗੇ, ਜਿਸ ਨਾਲ ਹੋਲੀ-ਹੋਲੀ ਸਿੱਖ ਆਪਣੀ ਰਾਜਨੀਤਿਕ ਸ਼ਕਤੀ ਪੰਜਾਬ ਵਿੱਚੋ ਖਤਮ ਕਰ ਲੈਣਗੇ।

ਨੋਜਵਾਨ ਵਰਗ ਦੀ ਗਿਣਤੀ ਘਟਣ ਕਾਰਨ ਪੰਜਾਬ ਵਿੱਚੋ ਮਨੁੱਖੀ ਸਰੋਤ ਘਟ ਰਹੇ ਹਨ, ਉਨਾਂ ਦੀ ਪੂਰਤੀ ਲਈ ਵਪਾਰੀ ਵਰਗ ਬਾਹਰਲੀਆਂ ਸਟੇਟਾ ਤੋਂ ਜਿਵੇ ਬਿਹਾਰ, ਯੂਪੀ ਆਦਿ ਤੋਂ ਮਜਦੂਰਾਂ ਦੀ ਪੂਰਤੀ ਕਰ ਰਹੇ ਹਨ ਅਤੇ ਮਜਦੂਰ ਪੰਜਾਬ ਦੇ ਪੱਕੇ ਵਸਨੀਕ ਬਣ ਰਹੇ ਹਨ, ਜਿਸ ਨਾਲ ਇਨਾਂ ਦੀ ਗਿਣਤੀ ਵਿੱਚ ਵਾਧਾ ਹੋ ਰਹਿਆ ਹੈ, ਜੋ ਆਉਣ ਵਾਲੇ ਸਮੇਂ ਵਿੱਚ ਰਾਜਨੀਤਿਕ ਸ਼ਕਤੀ ਬਣ ਸਕਦੇ ਹਨ।

### ਕੀਤੀ ਗਈ ਖੋਜ ਅਨੁਸਾਰ 2011 ਤੋਂ 2023 ਤੱਕ ਦਾ ਡਾਟਾ ਸਾਰਨੀ

| ਸਾਲ | ਸਿੱਖਾਂ ਦੀ ਆਬਾਦੀ |
|---|---|
| 2011 | 16,004,754 |
| 2012 | 15,746,670 |
| 2013 | 15,650,467 |
| 2014 | 15,490,420 |

| | | | |
|---|---|---|---|
| | 2015 | 15,138,060 | |
| | 2016 | 15,023,548 | |
| | 2017 | 14,755,642 | |
| | 2018 | 14,656,530 | |
| | 2019 | 14,530,856 | |
| | 2020 | 14,427,336 | |
| | 2021 | 14,244,040 | |
| | 2022 | 14,140,744 | |
| | 2023 | 13,855,337 | |

**Different Source of Punjab Government & Calculation**

## ਨੌਜਵਾਨ ਵਰਗ ਦੇ ਪ੍ਰਵਾਸ ਦੇ ਕਾਰਨ ਅਤੇ ਪ੍ਰਵਾਸ ਨੂੰ ਰੋਕਣ ਦੇ ਸੁਝਾਅ

- ਸੂਬੇ ਅੰਦਰ ਵੱਧ ਰਹੀ ਬੇਰੁਜਗਾਰੀ ਅਤੇ ਰੁਜਗਾਰ ਸੰਬੰਧੀ ਭਵਿੱਖ ਦੀ ਅਨਿਸਚਿਤਾ ਪ੍ਰਵਾਸ ਦਾ ਮੁੱਖ ਕਾਰਨ ਹੈ, ਰੁਜਗਾਰ ਦੇ ਮੌਕੇ ਪੈਦਾ ਕਰਕੇ ਨੌਜਵਾਨਾਂ ਦੇ ਪ੍ਰਵਾਸ ਨੂੰ ਰੋਕਿਆ ਜਾ ਸਕਦਾ ਹੈ।
- ਪੰਜਾਬ ਅੰਦਰ ਪਿਛਲੇ ਕੁਝ ਸਾਲਾਂ ਤੋਂ ਨਸ਼ਿਆਂ ਦਾ ਦੌਰ ਬਹੁਤ ਤੇਜੀ ਨਾਲ ਵਧਿਆ, ਜਿਸ ਨੇ ਹਰ ਮਾਂ-ਬਾਪ ਨੂੰ ਮਜਬੂਰ ਕੀਤਾ ਕਿ ਉਹ ਆਪਣੇ ਬੱਚੇ ਨੂੰ ਬਾਹਰਲੇ ਮੁਲਕ ਭੇਜ ਕੇ ਨਸ਼ਿਆਂ ਤੋਂ

ਬਚਾਅ ਸਕਦੇ ਹਨ। ਸੂਬੇ ਅੰਦਰ ਨਸ਼ਿਆਂ ਦੀ ਰੋਕਥਾਮ ਕਰਕੇ ਇੱਕ ਚੰਗਾ ਮਹੋਲ ਪੈਦਾ ਕਰਨਾ ਚਾਹੀਦਾ ਹੈ ਤਾਂ ਜੋ ਹਰ ਇੱਕ ਮਾਂ-ਬਾਪ ਅੰਦਰ ਇਹ ਡਰ ਖਤਮ ਹੋ ਜਾਵੇ।

- ਵਧ ਰਹੀਆਂ ਫਰੋਤੀਆਂ ਅਤੇ ਡਕੇਤੀਆਂ ਪ੍ਰਵਾਸ ਵਿੱਚ ਵਾਧਾ ਕਰ ਰਹੀਆਂ ਹਨ, ਵਪਾਰੀ ਵਰਗ ਅਸੁਰੱਖਿਅਤ ਮਹਿਸੂਸ ਕਰ ਰਹਿਆ ਹੈ, ਜਿਸ ਕਾਰਨ ਉਹ ਆਪਣੇ ਬੱਚਿਆਂ ਨੂੰ ਬਾਹਰਲੇ ਮੁਲਕਾ ਵਿੱਚ ਮਹਿਫੂਜ਼ ਸਮਝਦਾ ਹੈ। ਫਰੋਤੀਆਂ ਅਤੇ ਡਕੇਤੀਆਂ ਕਰਨ ਵਾਲੇ ਲੋਕਾਂ ਨੂੰ ਸਖਤੀ ਨਾਲ ਨਕੇਲ ਪਾ ਕੇ ਇੱਕ ਚੰਗਾ ਮਹੋਲ ਪੈਦਾ ਕਰਨ ਦੀ ਲੋੜ ਹੈ।
- ਸੂਬੇ ਅੰਦਰ ਵਧ ਰਹੀ ਕਰੱਪਸ਼ਨ ਤੋਂ ਹਰ ਵਰਗ ਦੁਖੀ ਹੈ, ਜਿਸ ਕਾਰਨ ਨੋਜਵਾਨ ਵਰਗ ਵਿੱਚ ਨਿਰਾਸ਼ਤਾ ਪੈਦਾ ਹੋਈ, ਇਸ ਨੇ ਵੀ ਪ੍ਰਵਾਸ ਵਿੱਚ ਵਾਧਾ ਕੀਤਾ। ਸਰਕਾਰਾਂ ਇੱਕ ਚੰਗਾ ਪਰਸ਼ਾਸ਼ਨਿਕ ਢਾਂਚਾਂ ਪ੍ਰਦਾਨ ਕਰਕੇ ਲੋਕਾਂ ਦੀ ਹੋ ਰਹੀ ਲੁੱਟ–ਘਸੁੱਟ ਨੂੰ ਰੋਕ ਕੇ, ਲੋਕਾਂ ਵਿੱਚ ਪੈਦਾ ਹੋਈ ਨਿਰਾਸ਼ਤਾ ਨੂੰ ਦੂਰ ਕਰ ਸਕਦੀਆਂ ਹਨ।
- ਸਿਹਤ ਅਤੇ ਸਿੱਖਿਆ ਸਹੂਲਤਾਂ ਦੀ ਗੱਲ ਕਰੀਏ ਤਾਂ ਸਰਕਾਰੀ ਹਸਪਤਾਲ / ਸਕੂਲ ਅਤੇ ਓਥੇ ਕੰਮ ਕਰ ਰਹੀ ਸਰਕਾਰੀ ਮਸ਼ਿਨਰੀ ਲੋਕਾਂ ਦਾ ਵਿਸ਼ਵਾਸ਼ ਜਿੱਤਣ ਵਿੱਚ ਅਸਫਲ ਰਹੀ ਹੈ, ਦੂਸਰੇ ਪਾਸੇ ਨਿਜੀ ਸਿਹਤ ਸਹੂਲਤਾਂ ਬਹੁਤ ਮਹਿੰਗੀਆਂ ਹੋਣ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਬਾਹਰਲੇ ਮੁਲਕਾ ਵਿੱਚ ਸਿਹਤ ਅਤੇ ਸਿੱਖਿਆ ਸਹੂਲਤਾਂ ਬਹੁਤ ਹੀ ਉਚ ਪੱਧਰ ਦੀਆਂ ਹੋਣ ਕਰਕੇ ਸਾਰੇ ਵਰਗਾਂ ਨੂੰ ਇੱਕ ਸਾਰ ਚੰਗਾ ਮਹੋਲ ਅਤੇ ਚੰਗਾ ਇਲਾਜ ਮਿਲਦਾ ਹੈ, ਇਸ

ਕਾਰਨ ਲੋਕਾਂ ਵਿੱਚ ਪ੍ਰਵਾਸ ਵੱਧ ਰਹਿਆ ਹੈ। ਆਮ ਵਰਗ ਨੂੰ ਚੰਗੀਆਂ ਵਰਲਡ ਕਲਾਸ ਦੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਕੇ ਸਰਕਾਰਾਂ ਲੋਕਾਂ ਦਾ ਵਿਸ਼ਵਾਸ਼ ਜਿੱਤ ਸਕਦੀਆਂ ਹਨ।

- ਕਿਸਾਨੀ ਵਰਗ ਵਿੱਚ ਵੀ ਨਿਰਾਸ਼ਤਾ ਵੱਧ ਰਹੀ ਹੈ, ਖੇਤੀ ਨੂੰ ਲਾਭਦਾਇਕ ਧੰਦਾ ਬਣਾ ਕੇ ਕਿਸਾਨਾਂ ਦੇ ਪ੍ਰਵਾਸ ਨੂੰ ਰੋਕਿਆ ਜਾ ਸਕਦਾ ਹੈ।
- ਨਿਜੀ ਕਾਰੋਬਾਰ ਸ਼ੁਰੂ ਕਰਨ ਲਈ ਨੌਜਵਾਨ ਵਰਗ ਨੂੰ ਬਹੁਤ ਮੁਸ਼ਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਨੂੰ ਸਰਲ ਬਣਾਇਆਂ ਜਾਵੇ, ਸਸਤੇ ਵਿਆਜ ਦਰਾਂ ਉਪਰ ਵਿੱਤੀ ਸਾਧਨ ਮੁਹਾਈਆ ਕਰਵਾਏ ਜਾਣ, ਤਾਂ ਜੋ ਨੌਜਵਾਨ ਆਪਣੀ ਕੁਸ਼ਲਤਾ ਅਨੁਸਾਰ ਕਾਰੋਬਾਰ ਸ਼ੁਰੂ ਕਰ ਸਕਣ।

## ਸਿੱਟਾ

ਉਪਰੋਕਤ ਵਿਸ਼ੇ ਸੰਬੰਧੀ ਖੋਜ਼ ਕਰਨ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਕਿ ਜੇਕਰ ਪੰਜਾਬ ਵਿੱਚੋ ਨੌਜਵਾਨ ਵਰਗ ਦਾ ਪ੍ਰਵਾਸ ਬਾਹਰਲੇ ਮੁਲਕਾਂ ਨੂੰ ਇਸੇ ਤਰਾਂ ਜਾਰੀ ਰਹਿਆ ਤਾਂ ਉਹ ਦਿਨ ਦੂਰ ਨਹੀ ਜਦੋ ਪੰਜਾਬ ਸਿੱਖ ਬਹੁਗਿਣਤੀ ਤੋਂ ਘੱਟ ਗਿਣਤੀ ਵੱਲ ਵੱਧ ਜਾਵੇਗਾ ਅਤੇ ਆਪਣੀ ਸਿੱਖ ਰਾਜਨੀਤਿਕ ਸ਼ਕਤੀ ਖਤਮ ਕਰ ਲਵੇਗਾ। ਲੋੜ ਹੈ ਨੌਜਵਾਨ ਵਰਗ ਨੂੰ ਪ੍ਰਵਾਸ ਕਰਨ ਤੋਂ ਰੋਕਣ ਦੀ, ਇਸ ਲਈ ਸੂਬਾ ਸਰਕਾਰ, ਨਿਜੀ ਵਪਾਰਿਕ ਅਦਾਰਿਆਂ ਆਦਿ ਨੂੰ ਨੌਜਵਾਨ ਵਰਗ ਨੂੰ ਸਹੀ ਦਿਸ਼ਾ ਦੇਣ ਦੇ ਨਾਲ-ਨਾਲ

ਚੰਗੀਆਂ ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਕਰੱਪਸ਼ਨ ਮੁਕਤ ਪ੍ਰਸ਼ਾਸ਼ਨ, ਨਸ਼ਾ ਮੁਕਤ ਸਮਾਜ, ਸਮਾਜਿਕ ਸੁਰੱਖਿਆ ਅਤੇ ਚੰਗਾ ਪੁਲਿਸ ਪ੍ਰਸ਼ਾਸ਼ਨ ਪ੍ਰਦਾਨ ਕਰਨ ਲਈ ਵਚਨਬੱਧ ਹੋਣ ਦੀ ਲੋੜ ਹੈ।

## ਖੋਜ਼ ਕਰਤਾ ਟੀਮ (30/09/2023)


| ਪ੍ਰਿੰਸੀਪਲ | ਪ੍ਰੋਫੈਸਰ |
|---|---|
| ਡਾ ਫੁਲਵਿੰਦਰ ਪਾਲ ਸਿੰਘ | ਅੰਮ੍ਰਿਤਪਾਲ ਸਿੰਘ |
| ਐੱਮ.ਐੱਸ.ਸੀ. (ਐੱਚ.ਐੱਸ.) ਇਕਨਾਮਿਸ, | ਬੀ.ਟੈੱਕ (ਕੰਪਿਊਟਰ ਸਾਇੰਸ), |
| ਐੱਮ.ਫਿੱਲ, ਪੀ.ਐੱਚ.ਡੀ., | ਐੱਮ.ਟੈੱਕ (ਆਈ.ਟੀ.) |
| ਪੀ.ਜੀ.ਡੀ.ਆਰ.ਐੱਮ., | ਮੁੱਖੀ : ਪੀ.ਜੀ. ਵਿਭਾਗ ਆਫ ਕੰਪਿਊਟਰ ਸਾਇੰਸ |
| ਪੀ.ਜੀ. ਡਿਪਲੋਮਾ ਇਨ ਸਟੈਟ | ਗੁਰੂ ਨਾਨਕ ਕਾਲਜ, ਬਟਾਲਾ |
| ਗੁਰੂ ਨਾਨਕ ਕਾਲਜ , ਬਟਾਲਾ | ਗਰਦਾਸਪੁਰ। |
| ਗੁਰਦਾਸਪੁਰ। | |